# ਸ਼ੈਲਬ੍ਰਿਜ ਫੈਮਿਲੀ ਹੈਲਥ ਕਲੀਨਿਕ
# Shellbridge Family Health Clinic

## ਨਵੇਂ ਮਰੀਜ਼ ਲਈ ਜਾਣਕਾਰੀ ਗਾਈਡ

vch.ca/ShellbridgeClinic

## ਸੁਆਗਤ ਹੈ Welcome

ਸ਼ੈਲਬ੍ਰਿਜ ਫੈਮਿਲੀ ਹੈਲਥ ਕਲੀਨਿਕ ਵਿਖੇ, ਅਸੀਂ ਹਰ ਉਮਰ ਅਤੇ ਜੀਵਨ ਦੇ ਪੜਾਵਾਂ 'ਤੇ ਜ਼ਿਆਦਾਤਰ ਸਿਹਤ-ਸੰਭਾਲ ਲੋੜਾਂ ਲਈ ਵਿਆਪਕ ਅਤੇ ਤਾਲਮੇਲ ਵਾਲੀ ਮੁੱਢਲੀ ਦੇਖਭਾਲ ਦੀ ਪੇਸ਼ਕਸ਼ ਕਰਦੇ ਹਾਂ। ਸਿਹਤ ਪੇਸ਼ੇਵਰਾਂ ਦੀ ਸਾਡੀ ਟੀਮ ਤੁਹਾਡੀ ਰਹਿਣ ਵਾਲੀ ਥਾਂ ਦੇ ਨੇੜੇ ਚੱਲ ਰਹੀ, ਵਿਅਕਤੀਗਤ ਦੇਖਭਾਲ ਲਈ ਤੁਹਾਡਾ ਪਹਿਲਾ ਸੰਪਰਕ ਦਾ ਜ਼ਰੀਆ ਹੈ।

### ਸਾਡੀ ਵਚਨਬੱਧਤਾ

- ਅਸੀਂ ਤੁਹਾਡੀਆਂ ਕਦਰਾਂ-ਕੀਮਤਾਂ ਅਤੇ ਵਿਸ਼ਵਾਸਾਂ ਦਾ ਆਦਰ ਕਰਦੇ ਹਾਂ।
- ਅਸੀਂ ਤੁਹਾਡੀ ਜਾਣਕਾਰੀ ਨੂੰ ਸਖਤ ਗੁਪਤਤਾ ਨਾਲ ਸੁਰੱਖਿਅਤ ਕਰਦੇ ਹਾਂ।
- ਅਸੀਂ ਤੁਹਾਡੇ ਸਵਾਲਾਂ ਅਤੇ ਫੀਡਬੈਕ ਨੂੰ ਸੁਣਨ ਲਈ ਮੌਜੂਦ ਹਾਂ।



## ਅਪੌਇੰਟਮੈਂਟ ਲਈ ਦਿਸ਼ਾ-ਨਿਰਦੇਸ਼
## Appointment guidelines

### ਆਪਣੀ ਵਿਜ਼ਿਟ ਦੀ ਯੋਜਨਾ ਬਣਾਓ

ਹਰ ਵਿਜ਼ਿਟ ਲਈ, ਆਪਣਾ ਵੈਧ ਬੀ ਸੀ ਸਰਵਿਸਿਜ਼ ਕਾਰਡ (ਕੇਅਰ ਕਾਰਡ) ਲਿਆਓ, ਫਰੰਟ ਡੈਸਕ ਸਟਾਫ ਨਾਲ ਚੈੱਕ-ਇਨ ਕਰੋ ਅਤੇ ਆਪਣੀ ਸੰਪਰਕ ਜਾਣਕਾਰੀ ਜਿਵੇਂ ਕਿ ਫ਼ੋਨ ਨੰਬਰ, ਪਤਾ ਅਤੇ ਈਮੇਲ ਅੱਪਡੇਟ ਕਰੋ।

ਜੇਕਰ ਤੁਹਾਨੂੰ ਲੱਗ ਰਿਹਾ ਹੈ ਕਿ ਤੁਸੀਂ ਦੇਰ ਨਾਲ ਪਹੁੰਚੋਗੇ, ਤਾਂ ਜਿੰਨੀ ਜਲਦੀ ਹੋ ਸਕੇ ਸਾਨੂੰ ਦੱਸੋ। ਅਸੀਂ ਉਸੇ ਦਿਨ ਤੁਹਾਨੂੰ ਅਪੌਇੰਟਮੈਂਟ ਦੇਣ ਦੀ ਪੂਰੀ ਕੋਸ਼ਿਸ਼ ਕਰਾਂਗੇ, ਪਰ ਤੁਹਾਨੂੰ ਇੰਤਜ਼ਾਰ ਕਰਨ ਜਾਂ ਦੁਬਾਰਾ ਕਿਸੇ ਹੋਰ ਦਿਨ ਲਈ ਸਮਾਂ ਤਹਿ ਕਰਨ ਦੀ ਲੋੜ ਹੋ ਸਕਦੀ ਹੈ।

ਅਸੀਂ ਆਪਣੇ ਕਲੀਨਿਕ ਨੂੰ ਸਮੇਂ ਅਨੁਸਾਰ ਚਲਾਉਣ ਦੀ ਪੂਰੀ ਕੋਸ਼ਿਸ਼ ਕਰਦੇ ਹਾਂ ਕਿਉਂਕਿ ਅਸੀਂ ਤੁਹਾਡੇ ਸਮੇਂ ਦੀ ਕਦਰ ਕਰਦੇ ਹਾਂ। ਕਦੇ-ਕਦਾਈਂ, ਅਚਾਨਕ ਕੋਈ ਐਮਰਜੈਂਸੀ, ਦੇਰੀ ਦਾ ਕਾਰਨ ਬਣ ਸਕਦੀ ਹੈ। ਅਸੀਂ ਤੁਹਾਡੇ ਧੀਰਜ ਅਤੇ ਸਮਝ ਦੀ ਕਦਰ ਕਰਦੇ ਹਾਂ। ਜੇਕਰ ਤੁਸੀਂ ਇੰਤਜ਼ਾਰ ਨਹੀਂ ਕਰ ਸਕਦੇ, ਤਾਂ ਅਸੀਂ ਤੁਹਾਡੀ ਅਪੌਇੰਟਮੈਂਟ ਨੂੰ ਮੁੜ ਤਹਿ ਕਰ ਸਕਦੇ ਹਾਂ।

### ਅਪੌਇੰਟਮੈਂਟ ਕਿਵੇਂ ਬੁੱਕ ਕਰਨੀ ਹੈ

ਅਪੌਇੰਟਮੈਂਟ ਤਹਿ ਕਰਨ ਜਾਂ ਬਦਲਣ ਲਈ ਸਾਨੂੰ ਕਾਲ ਕਰੋ:

- ਕਲੀਨਿਕ ਦੇ ਘੰਟਿਆਂ ਦੌਰਾਨ 604-244-5581 'ਤੇ ਕਾਲ ਕਰੋ

ਜੇਕਰ ਤੁਸੀਂ ਆਪਣੀ ਅਪੌਇੰਟਮੈਂਟ 'ਤੇ ਨਹੀਂ ਪਹੁੰਚ ਸਕਦੇ, ਤਾਂ ਸਾਨੂੰ ਘੱਟੋ-ਘੱਟ 24 ਘੰਟੇ ਪਹਿਲਾਂ ਦੱਸੋ। ਅਪੌਇੰਟਮੈਂਟ ਤੇ ਨਾ ਪਹੁੰਚਣ ਦੀ ਸੂਰਤ ਵਿੱਚ ਇੱਕ ਫੀਸ ਲਈ ਜਾ ਸਕਦੀ ਹੈ।

## ਦੇਖਭਾਲ ਲਈ ਜ਼ਰੂਰੀ ਚੀਜ਼ਾਂ Care essentials

### ਦਵਾਈਆਂ

ਤੁਹਾਡਾ ਪ੍ਰਦਾਤਾ ਤੁਹਾਨੂੰ ਤੁਹਾਡੀ ਅਗਲੀ ਫਾਲੋ-ਅੱਪ ਅਪੌਇੰਟਮੈਂਟ ਤੱਕ ਚੱਲਣ ਵਾਲੀ ਲੋੜੀਂਦੀ ਦਵਾਈ ਦੇਵੇਗਾ। ਆਪਣੇ ਪ੍ਰਿਸਕਰਿਪਸ਼ਨ ਨੂੰ ਰੀਨਿਊ ਕਰਨ ਲਈ, ਤੁਹਾਨੂੰ ਇੱਕ ਅਪੌਇੰਟਮੈਂਟ ਬੁੱਕ ਕਰਨ ਦੀ ਲੋੜ ਹੋਵੇਗੀ। ਐਮਰਜੈਂਸੀ ਦੀ ਸਥਿਤੀ ਵਿੱਚ ਜਦ ਤੁਹਾਨੂੰ ਵਧੇਰੇ ਦਵਾਈਆਂ ਦੀ ਲੋੜ ਹੁੰਦੀ ਹੈ, ਤੁਹਾਡਾ ਫਾਰਮਾਸਿਸਟ ਤੁਹਾਡੀ ਮਦਦ ਕਰ ਸਕਦਾ/ਸਕਦੀ ਹੈ।

### ਸੁਰੱਖਿਅਤ ਮਾਹੌਲ

ਅਸੀਂ ਸਮਾਨਤਾ, ਵਿਭਿੰਨਤਾ ਅਤੇ ਸਮਾਵੇਸ਼ ਲਈ ਵਚਨਬੱਧ ਹਾਂ। ਅਸੀਂ ਸਾਰਿਆਂ ਨਾਲ ਆਦਰ ਨਾਲ ਪੇਸ਼ ਆਉਂਦੇ ਹਾਂ ਅਤੇ ਤੁਹਾਨੂੰ ਵੀ ਕਿਰਪਾ ਕਰਕੇ ਅਜਿਹਾ ਕਰਨ ਲਈ ਦਰਖਾਸਤ ਕਰਦੇ ਹਾਂ।

### ਖੁਸ਼ਬੂ-ਮੁਕਤ ਨੀਤੀ

ਅਸੀ ਖੁਸ਼ਬੂ-ਮੁਕਤ ਵਾਤਾਵਰਣ ਨੂੰ ਬਣਾਈ ਰੱਖਣ ਦੀ ਕੋਸ਼ਿਸ਼ ਕਰਦੇ ਹਾਂ। ਕਿਰਪਾ ਕਰਕੇ ਪਰਫਿਊਮ, ਕਲੋਨ ਜਾਂ ਹੋਰ ਸੁਗੰਧਿਤ ਚੀਜ਼ਾਂ ਨਾ ਵਰਤੋ, ਕਿਉਂਕਿ ਇਹ ਕੁਝ ਲੋਕਾਂ ਲਈ ਬੇਅਰਾਮੀ ਦਾ ਕਾਰਨ ਬਣ ਸਕਦੇ ਹਨ।

### ਟੈਸਟ ਦੇ ਨਤੀਜੇ

ਜੇਕਰ ਤੁਹਾਡੇ ਟੈਸਟ ਦੇ ਨਤੀਜਿਆਂ ਬਾਰੇ ਗੱਲ-ਬਾਤ ਕਰਨ ਦੀ ਲੋੜ ਹੈ ਤਾਂ ਅਸੀਂ ਤੁਹਾਡੇ ਨਾਲ ਸੰਪਰਕ ਕਰਾਂਗੇ। ਜੇਕਰ ਤੁਸੀਂ ਕਿਸੇ ਟੈਸਟ ਦੇ ਨਤੀਜੇ ਬਾਰੇ ਚਿੰਤਤ ਹੋ, ਤਾਂ ਇਹ ਦੇਖਣ ਲਈ ਸਾਨੂੰ ਕਾਲ ਕਰੋ ਕਿ ਨਤੀਜੇ ਉਪਲਬਧ ਹਨ ਜਾਂ ਨਹੀਂ ਅਤੇ ਫਾਲੋ-ਅੱਪ ਅਪੌਇੰਟਮੈਂਟ ਬੁੱਕ ਕਰੋ।

**ਟੈਸਟ ਦੇ ਨਤੀਜਿਆਂ ਲਈ ਕਿੰਨਾ ਸਮਾਂ ਲੱਗੇਗਾ?**

**ਖੂਨ ਦੇ ਟੈਸਟ:** 1 ਤੋਂ 4 ਦਿਨ
**X-ray ਅਤੇ ਅਲਟਰਾਸਾਊਂਡ:** 3 ਤੋਂ 5 ਦਿਨ
**Computed Tomography (CT) ਅਤੇ Magnetic Resonance Imaging (MRI):** 5 ਤੋਂ 7 ਦਿਨ
**ਗਰਭ ਅਵਸਥਾ ਦੀ ਜਾਂਚ:** 2 ਤੋਂ 3 ਹਫ਼ਤੇ
**ਪੈਪ ਟੈਸਟ:** 6 ਹਫ਼ਤਿਆਂ ਤੱਕ

## ਬੀਮਾ ਰਹਿਤ ਸੇਵਾਵਾਂ Uninsured services

ਮੈਡੀਕਲ ਸਰਵਿਸਿਜ਼ ਪਲਾਨ (Medical Services Plan) ਜ਼ਿਆਦਾਤਰ ਮੈਡੀਕਲ ਫੀਸਾਂ ਨੂੰ ਕਵਰ ਕਰਦਾ ਹੈ, ਪਰ ਇਸ ਵਿੱਚ ਬੀਮਾਰ ਹੋਣ ਸੰਬੰਧੀ ਨੋਟ, ਮੈਡੀਕਲ ਰਿਪੋਰਟਾਂ, ਫਾਰਮ, ਚਿੱਠੀਆਂ ਜਾਂ ਕਾਸਮੈਟਿਕ ਪ੍ਰਕਿਰਿਆਵਾਂ ਵਰਗੀਆਂ ਸੇਵਾਵਾਂ ਸ਼ਾਮਲ ਨਹੀਂ ਹੁੰਦੀਆਂ ਹਨ।

ਅਸੀਂ ਤੁਹਾਨੂੰ ਬੀਮਾ ਰਹਿਤ ਸੇਵਾਵਾਂ ਲਈ ਕਿਸੇ ਵੀ ਖਰਚੇ ਬਾਰੇ ਦੱਸਾਂਗੇ ਅਤੇ ਅੱਗੇ ਵਧਣ ਤੋਂ ਪਹਿਲਾਂ ਤੁਹਾਡੀ ਮਨਜ਼ੂਰੀ ਮੰਗਾਂਗੇ। ਭੁਗਤਾਨ, ਜੋ ਕ੍ਰੈਡਿਟ, ਡੈਬਿਟ, ਜਾਂ ਚੈੱਕ (ਕੋਈ ਨਕਦ ਨਹੀਂ) ਦੁਆਰਾ ਕੀਤੇ ਜਾਣੇ ਲਾਜ਼ਮੀ ਹਨ, ਤੁਹਾਡੀ ਜਾਂ ਬੇਨਤੀ ਕਰਨ ਵਾਲੀ ਤੀਜੀ ਧਿਰ ਦੀ ਜ਼ਿੰਮੇਵਾਰੀ ਹੋਣਗੇ।

ਜਦੋਂ ਤੁਸੀਂ ਆਪਣੀ ਅਪੌਇੰਟਮੈਂਟ ਬੁੱਕ ਕਰਦੇ ਹੋ, ਤਾਂ ਸਾਨੂੰ ਦੱਸੋ ਕਿ ਤੁਹਾਡੇ ਕੋਲ ਭਰਨ ਲਈ ਇੱਕ ਫਾਰਮ ਹੈ। ਕਿਰਪਾ ਕਰਕੇ ਫਾਰਮ ਭਰਨ ਲਈ 30 ਦਿਨਾਂ ਤੱਕ ਦਾ ਸਮਾਂ ਦਿਓ।